7. ਸ੍ਵੈ ਜੀਵਨੀ ਅੰਸ਼ 'ਮੇਰੇ ਬੱਚੇ ਮੇਰਾ ਮੁਹਾਂਦਰਾ '

ੳ ਵਸਤੂਨਿਸ਼ਠ ਪ੍ਰਸ਼ਨ

1. ਪ੍ਰਸ਼ਨ:ਆਪ ਬੀਤੀਆਂ ਪੁਸਤਕ ਵਿੱਚ ਬਲਵੰਤ ਗਾਰਗੀ ਦਾ ਕਿਹੜਾ ਸ੍ਵੈਜੀਵਨੀ ਅੰਸ਼ ਦਰਜ ਹੈ ?

ਉੱਤਰ :ਮੇਰੇ ਬੱਚੇ ਮੇਰਾ ਮੁਹਾਂਦਰਾ ।

2. ਪ੍ਰਸ਼ਨ:'ਮੇਰੇ ਬੱਚੇ ਮੇਰਾ ਮੁਹਾਂਦਰਾ 'ਪਾਠ ਵਿੱਚ ਜੰਨਤ ਦਾ ਕਿੰਨਵਾਂ ਜਨਮ -ਦਿਨ ਮਨਾਏ ਜਾਣ ਦਾ ਜ਼ਿਕਰ ਹੈ ?

ਉੱਤਰ: ਤੀਸਰਾ ।

3. ਪ੍ਰਸ਼ਨ: ਜੱਨਤ ਨੇ ਆਪਣੇ ਤੀਸਰੇ ਜਨਮ -ਦਿਨ ਮੌਕੇ ਕਿਹੋ ਜਿਹੀ ਪੁਸ਼ਾਕ ਪਹਿਨੀ ਹੋਈ ਸੀ ?

ਉੱਤਰ: ਪਿਆਜ਼ੀ ਰੰਗ ਦੀ ਕਢਾਈ ਕੀਤੀ ਹੋਈ ।

**ਸਹੀ/ਗ਼ਲਤ**

4. ਰਾਤ ਨੂੰ ਜੱਨਤ ਅਤੇ ਮਨੂੰ ਲੇਖਕ ਦੇ ਸੱਜੇ ਪਾਸੇ ਸੌਣ ਲਈ ਜ਼ਿਦ ਕਰਦੇ ਸਨ ।( ਸਹੀ /ਗ਼ਲਤ )

ਉੱਤਰ: **ਸਹੀ ।**

5. ਪ੍ਰਸ਼ਨ : ਮਨੂੰ ਆਪਣੇ ਪਿਤਾ ਤੋਂ ਲੂੰਬੜ ਤੇ ਕਾਂ ਵਾਲੀ ਕਹਾਣੀ ਸੁਣਦਾ ਸੀ ।( ਸਹੀ/ਗ਼ਲਤ )

ਉੱਤਰ: ਗ਼ਲਤ ।

ਖਾਲੀ ਸਥਾਨ ਭਰੋ :-

6. ਅਸੀਂ ਜੋੜਾ ਹੀ ਵੇਚਦੇ ਹਾਂ ਇਕੱਲਾ ਤੋਤਾ ਉਦਾਸ ਹੋ ਕੇ ਛੇਤੀ ਮਰ ਜਾਂਦਾ ਹੈ ।
7. ਤੋਤੇ ਨੇ ਠੂੰਗ ਮਾਰੀ ਤੇ ਜੱਨਤ ਉੱਚੀ- ਉੱਚੀ ਰੋਣ ਲੱਗੀ ।
8. ਮਰੀ ਹੋਈ ਤੋਤੀ ਨੂੰ ਸਫ਼ੈਦੇ ਦੇ ਦਰੱਖਤ ਥੱਲੇ ਦੱਬਿਆ ਗਿਆ ।
9. ਬਲਵੰਤ ਗਾਰਗੀ ਦੀ ਪਤਨੀ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦੀ ਸੀ ਹਿੰਦੁਸਤਾਨ ਵਿੱਚ ।
10. ਜੱਨਤ ਦੁਆਰਾ ਜਨਮ ਦਿਨ ਮੌਕੇ ਪਹਿਨਿਆ ਫ਼ਰਾਕ:-

ਉੱਤਰ: ਤੇਤੀ ਸਾਲ ਪੁਰਾਣਾ ਸੀ ।

11.ਪ੍ਰਸ਼ਨ:'ਮੇਰੇ ਬੱਚੇ ਮੇਰਾ ਮੁਹਾਂਦਰਾ 'ਰਚਨਾ ਲੇਖਕ ਦੀ ਕਿਸ ਸ੍ਵੈ ਜੀਵਨੀ 'ਚੋਂ ਲਿਆ ਗਿਆ ਹੈ?

ਉੱਤਰ: ਨੰਗੀ ਧੁੱਪ ।

ਅ ਦੱਸੋ

1.ਪ੍ਰਸ਼ਨ: ਜੀਨੀ ਦੀ ਛੋਹ ਨਰਸ ਵਰਗੀ ਸੀ ਤੇ ਮੇਰੇ ਲੁਹਾਰ ਵਰਗੀ ਬਲਵੰਤ ਗਾਰਗੀ ਨੇ ਇਹ ਸ਼ਬਦ ਕਿਉਂ ਕਹੇ ਸਪੱਸ਼ਟ ਕਰੋ ?

ਉੱਤਰ: :ਬਲਵੰਤ ਇਹ ਸ਼ਬਦ ਇਸ ਲਈ ਕਹਿੰਦਾ ਹੈ ਜਿਸ ਪ੍ਰਕਾਰ ਇੱਕ ਨਰਸ ਆਪਣੀ ਕੋਮਲ ਛੋਹ ਨਾਲ ਆਪਣੇ ਮਰੀਜ਼ ਦੀ ਦੇਖਭਾਲ ਕਰਦੀ ਹੈ ਤੇ ਉਸ ਦੇ ਹੱਥਾਂ ਨਾਲ ਮਰੀਜ਼ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਉਸੇ ਪ੍ਰਕਾਰ ਜੀਨੀ ਦੇ ਕੋਮਲ ਹੱਥਾਂ ਨਾਲ ਉਸ ਦੀਆਂ ਚੀਜ਼ਾਂ ਖਰਾਬ ਨਹੀਂ ਹੁੰਦੀਆਂ। ਇਹ ਗੱਲਾਂ ਉਸ ਦੇ ਤੇਤੀ ਸਾਲ ਪੁਰਾਣੇ ਫ਼ਰਾਕ ਤੇ ਬਾਰਾਂ ਸਾਲ ਪਹਿਲਾਂ ਖਰੀਦੇ ਸੈਂਡਲਾਂ ਨੂੰ ਦੇਖ ਕੇ ਠੀਕ ਲੱਗਦੀਆਂ ਹਨ ਜੋ ਕਿ ਹੁਣ ਵੀ ਬਿਲਕੁਲ ਨਵੇਂ ਲੱਗਦੇ ਹਨ। ਲੇਖਕ ਆਪਣੀ ਛੋਹ ਨੂੰ ਲੁਹਾਰ ਵਰਗੀ ਇਸ ਲਈ ਕਹਿੰਦਾ ਹੈ ਜਿਸ ਪ੍ਰਕਾਰ ਲੁਹਾਰ ਚੀਜ਼ਾਂ ਨੂੰ ਕੁੱਟ- ਕੁੱਟ ਕੇ ਨਵਾਂ ਰੂਪ ਦਿੰਦਾ ਹੈ। ਉਸੇ ਪ੍ਰਕਾਰ ਲੇਖਕ ਦੀਆਂ ਚੀਜ਼ਾਂ ਵੀ ਕੁੱਟ-ਕੁੱਟ ਕੇ ਹੰਢਾਈਆਂ ਜਾਪਦੀਆਂ।ਉਸ ਦੇ ਖਰੀਦੇ ਬੂਟ ਵੀ ਛੇ ਮਹੀਨਿਆਂ ਵਿੱਚ ਚਿਬ ਖੜਿੱਬੇ ਹੋ ਜਾਂਦੇ।ਕਮੀਜ਼ਾਂ ਮੋਢਿਆਂ ਤੋਂ ਉੱਧੜ ਜਾਦੀਆਂ ਤੇ ਜੇਬਾਂ ਵਿੱਚ ਮੋਰੀਆਂ ਹੋ ਜਾਂਦੀਆਂ।ਉਸਦੀ ਹਰ ਇੱਕ ਚੀਜ਼ ਵਰਤੀ ਤੇ ਹੰਢਾਈ ਜਾਪਦੀ।ਇਸ ਕਰਕੇ ਲੇਖਕ ਆਪਣੇ ਤੇ ਆਪਣੀ ਪਤਨੀ ਲਈ ਉਪਰੋਕਤ ਸ਼ਬਦ ਵਰਤਦਾ ਹੈ।

2.ਪ੍ਰਸ਼ਨ: ਜੀਨੀ ਮਨੂੰ ਤੇ ਜੱਨਤ ਨੂੰ ਅਮਰੀਕਾ ਵਿੱਚ ਕਿਉਂ ਨਹੀਂ ਪੜ੍ਹਾਉਣਾ ਚਾਹੁੰਦੀ ਸੀ ?

ਉੱਤਰ :ਕਿਉਂਕਿ ਜੀਨੀ ਨੂੰ ਲੱਗਦਾ ਕਿ ਅਮਰੀਕਾ ਵਿੱਚ ਜੁਰਮ ਤੇ ਨਸ਼ੇ ਵਾਲੀਆਂ ਚੀਜ਼ਾਂ ਵਧ ਰਹੀਆਂ ਹਨ।ਉੱਥੇ ਬੰਦੂਕਾਂ ਅਤੇ ਪਿਸਤੌਲ ਨਾਲ ਵਾਰਦਾਤਾਂ ਵਿੱਚ ਵਾਧਾ ਹੋ ਰਿਹਾ ਹੈ।ਉਸ ਅਨੁਸਾਰ ਅਮਰੀਕਾ ਤਾਂ ਨਿਰਾ ਜੰਗਲ ਐ। ਟੈਲੀਵਿਜ਼ਨ ਉੱਤੇ ਵੀ ਕਤਲ ਅਤੇ ਖ਼ੂਨ-ਖ਼ਰਾਬੇ ਦੀਆਂ ਵਾਰਦਾਤਾਂ ਦਿਖਾਈਆਂ ਜਾਂਦੀਆਂ, ਜਿਸ ਨਾਲ ਲੋਕਾਂ ਦੇ ਘਰਾਂ ਵਿੱਚ ਮਾਰਧਾੜ ਦੇ ਦ੍ਰਿਸ਼ ਪਹੁੰਚ ਰਹੇ ਸਨ।ਇੱਕ ਪ੍ਰੋਗਰਾਮ ਵਿੱਚ ਦਿਖਾਇਆ ਗਿਆ ਕਿ ਆਦਮੀ ਦੇ ਸਿਰ ਉੱਤੇ ਗੋਲੀ ਲੱਗੀ ਤੇ ਉਸ ਦੀ ਖੋਪੜੀ ਉਡ ਗਈ।ਇਹੋ ਜਿਹੀਆਂ ਵਾਰਦਾਤਾਂ ਨੂੰ ਦੇਖ ਕੇ ਜੀਨੀ ਆਪਣੇ ਬੱਚਿਆਂ ਨੂੰ ਅਮਰੀਕਾ ਵਿੱਚ ਪੜ੍ਹਾਉਣਾ ਨਹੀਂ ਚਾਹੁੰਦੀ ਸੀ।

3.ਪ੍ਰਸ਼ਨ :ਬਲਵੰਤ ਗਾਰਗੀ ਆਪਣੇ ਬੇਟੇ ਮਨੂੰ' ਗਿੱਠਮੁਠੀਆਂ ਬਲਵੰਤ 'ਕਿਉਂ ਕਹਿੰਦਾ ਹੈ ?

ਉੱਤਰ :ਬਲਵੰਤ ਗਾਰਗੀ ਅਜਿਹਾ ਇਸ ਲਈ ਕਹਿੰਦਾ ਹੈ ਕਿਉਂਕਿ ਮਨੂੰ ਦੀ ਸਰੀਰਕ ਬਣਤਰ ਤੇ ਸੁਭਾਅ ਲੇਖਕ ਵਰਗਾ ਸੀ।ਮਨੂੰ ਦੀ ਠੋਡੀ ਵਿੱਚ ਵੀ ਲੇਖਕ ਦੀ ਠੋਡੀ ਵਾਂਗ ਚਿਬ ਸੀ ਤੇ ਉਸ ਦੇ ਬੁੱਲ ਤੇ ਕੰਨ ਵੀ ਆਪਣੇ ਪਿਤਾ ਵਰਗੇ ਹੀ ਸਨ। ਉਸ ਦਾ ਸੁਭਾਅ ਵੀ ਆਪਣੇ ਪਿਤਾ ਤੇ ਦਾਦੇ ਵਰਗਾ ਹੀ ਸੀ।ਉਸ ਦਾ ਮਨ ਵੀ ਲੇਖਕ ਵਰਗਾ ਹੀ ਸੀ ਤੇ ਉਹ ਤੁਰਦਾ ਵੀ ਲੇਖਕ ਵਾਂਗ ਸੀ ਜਿਸ ਕਰ ਕੇ ਬਲਵੰਤ ਗਾਰਗੀ ਆਪਣੇ ਬੇਟੇ ਨੂੰ ਗਿਠਮੁਠੀਆਂ ਬਲਵੰਤ ਕਹਿੰਦਾ ਹੈ।

4.ਪ੍ਰਸ਼ਨ :ਇਸ ਸ੍ਵੈਜੀਵਨੀ ਅੰਸ਼ ਵਿੱਚ ਇੱਕ ਪਿਤਾ ਵਜੋਂ ਬਲਵੰਤ ਗਾਰਗੀ ਦੀ ਸ਼ਖ਼ਸੀਅਤ ਦੇ ਕਿਹੜੇ ਗੁਣ ਉੱਭਰ ਕੇ ਸਾਹਮਣੇ ਆਉਂਦੇ ਹਨ ?

ਉੱਤਰ ਇਸ ਸ੍ਵੈਜੀਵਨੀ ਅੰਸ਼ ਵਿੱਚ ਬਲਵੰਤ ਗਾਰਗੀ ਦੇ ਇੱਕ ਪਿਤਾ ਵਜੋਂ ਕਈ ਪੱਖ ਸਾਹਮਣੇ ਆਉਂਦੇ ਹਨ। ਉਹ ਇਕ ਚੰਗੇ ਪਿਤਾ ਵਾਂਗ ਬੱਚਿਆਂ ਦੀ ਦੇਖਭਾਲ ਕਰਦਾ ਤੇ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ।ਉਹ ਉਨ੍ਹਾਂ ਨਾਲ ਖੇਡਦਾ ਤੇ ਦਿਲਚਸਪ ਕਹਾਣੀਆਂ ਸੁਣਾਉਂਦਾ। ਉਹ ਆਪਣੇ ਬੱਚਿਆਂ ਦੇ ਕਹਿਣ ਤੇ ਉਨ੍ਹਾਂ ਨੂੰ ਤੋਤਿਆਂ ਦਾ ਜੋੜਾ ਲੈ ਕੇ ਦਿੰਦਾ ਹੈ। ਜਦੋਂ ਤੋਤੀ ਮਰ ਜਾਂਦੀ ਹੈ ਤਾਂ ਉਹ ਆਪਣੇ ਬੱਚਿਆਂ ਨਾਲ ਉਸ ਨੂੰ ਦਫ਼ਨਾਉਣ ਵੀ ਜਾਂਦਾ ਹੈ।

5.ਪ੍ਰਸ਼ਨ: ਜੰਨਤ ਤੇ ਮਨੂੰ  ਦੀ' ਤੋਤੀ' ਕਿਉਂ ਮਰ ਗਈ ਸੀ? ਉਸ ਨੂੰ ਦਫ਼ਨ ਕਰਨ ਦੀ ਰਸਮ ਵਿੱਚ ਕੌਣ- ਕੌਣ ਸ਼ਾਮਿਲ ਹੋਏ ?

ਉੱਤਰ :ਇੱਕ ਰਾਤ ਤੋਤਾ ਤੋਤੀ ਖੂਬ ਲੜੇ। ਤੋਤੇ ਨੇ ਠੂੰਗੇ ਮਾਰ- ਮਾਰ ਕੇ ਤੋਤੀ ਨੂੰ ਮਾਰ ਦਿੱਤਾ। ਲੇਖਕ ਨੇ ਤੋਤੀ ਨੂੰ ਪਿੰਜਰੇ ਚੋਂ ਬਾਹਰ ਕੱਢਿਆ। ਜੱਨਤ ਨੇ ਤੋਤੀ ਨੂੰ ਆਪਣੇ ਹੱਥਾਂ ਵਿੱਚ ਚੁੱਕਿਆ ।ਮਨੂੰ ਨੇ ਆਪਣੇ ਹੱਥਾਂ ਨਾਲ ਡੂੰਘਾ ਟੋਆ ਪੁੱਟਿਆ ਅਤੇ ਉਸ ਵਿੱਚ ਤੋਤੀ ਨੂੰ ਲਿਟਾ ਕੇ ਮਿੱਟੀ ਪਾ ਦਿੱਤੀ ।ਲੇਖਕ ਉਸ ਦੀ ਪਤਨੀ, ਬਾਵਰਚੀ ਤੇ ਆਇਆ ਬੱਚਿਆਂ ਨਾਲ ਤੋਤੀ ਨੂੰ ਦਫ਼ਨ ਕਰਨ ਦੀ ਰਸਮ ਵਿੱਚ ਸ਼ਾਮਲ ਹੋਏ ।

ਤਿਆਰ ਕਰਤਾ: ਰਾਜਵਿੰਦਰ ਕੌਰ

ਪੰਜਾਬੀ ਲੈਕਚਰਾਰ ਸਰਦਾਰ ਦਰਬਾਰਾ ਸਿੰਘ ਮੈਮੋਰੀਅਲ ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਮਲਸੀਆਂ

ਜਿਲ੍ਹਾ ਜਲੰਧਰ ।